ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:)ਪੰਜਾਬ,
ਕੰਪਲੈਕਸ ਪੰਜਾਬ ਸਕੂਲ ਸਿਖਿਆ ਬੋਰਡ,ਬਲਾਕ-ਬੀ,ਫੇਜ-8, ਮੋਹਾਲੀ
(ਸਪੋਰਟਸ ਸਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ
ਜਿਲਾ ਸਿਖਿਆ ਅਫਸਰ(ਸੈ:ਸਿ:)

ਮੀਮੋ ਨੰ:
ਮਿਤੀ,ਚੰਡੀਗੜ੍ਹ:

ਵਿਸਾ : ਸਪੋਰਟਸ ਫੰਡ ਦੀਆਂ ਸੋਧੀਆ ਦਰਾਂ ਦੇ ਸਬੰਧ ਵਿਚ ।

ਹਵਾਲਾ: ਸਕੱਤਰ ਪੰਜਾਬ ਸਰਕਾਰ ਸਿਖਿਆ ਵਿਭਾਗ(ਸਿਖਿਆ-2ਸਾਖਾ) ਵਲੋਂ ਨੰਬਰ 11/50/93-3ਸਿ2/5531 ਮਿਤੀ 07-08-2012 ਰਾਹੀਂ ਜਾਰੀ ਕੀਤੀ ਗਈ ਨੋਟੀਫਿਕੇਸਨ ਦੇ ਸਬੰਧੀ।

ਸਕੱਤਰ ਪੰਜਾਬ ਸਰਕਾਰ ਸਕੂਲ ਸਿੱਖਿਆ ਵਿਭਾਗ ਜੀ ਵਲੋਂ (ਸਿ - 2ਸਾਖਾ ) ਰਾਹੀ 11/50/93-3ਸਿ2/3496-98 ਮਿਤੀ 8-9-10 ਨੂੰ ਜਾਰੀ ਕੀਤੀ ਅਧਿਸੂਚਨਾ ਦੀ ਲਗਾਤਾਰਤਾ ਵਿੱਚ ਹਵਾਲਾ ਅਧੀਨ ਨੋਟੀਫਿਕੇਸਨ ਰਾਹੀਂ ਰਾਜ ਵਿੱਚ ਆਰ.ਟੀ.ਈ.2009 ਦੇ 1-4-2010 ਤੋਂ ਲਾਗੂ ਹੋ ਜਾਣ ਕਰਕੇ ਪਹਿਲੀ ਤੋਂ ਅਠਵੀਂ ਜਮਾਤ ਤੱਕ ਮੁਫਤ ਸਿਖਿਆ ਅਤੇ ਪੰਜਾਬ ਸਰਕਾਰ ਵਲੋਂ ਪਹਿਲੀ ਤੋਂ ਬਾਰਵੀ ਜਮਾਤ ਤੱਕ ਲੜਕੀਆਂ ਦੀ ਸਿਖਿਆ ਮੁਫਤ ਕਰਨ ਕਰਕੇ ਖੇਡ ਗਤੀਵਿਧੀਆਂ ਲਈ ਫੰਡਾਂ ਦੀ ਇਕੱਤਰਤਾ ਵਿੱਚ ਆਈ ਘਾਟ ਨੂੰ ਪੂਰਾ ਕਰਨ ਲਈ ਪੰਜਾਬ ਰਾਜ ਦੇ ਹਰਇਕ ਸਕੂਲ-ਸਰਕਾਰੀ ਸਕੂਲ,ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਸਕੂਲ, .ਗੈਰ ਸਹਾਇਤਾ ਪ੍ਰਾਪਤ ਪ੍ਰਾਈਵੇਟ ਸਕੂਲ ਭਾਂਵੇ ਉਹ ਕਿਸੇ ਵੀ ਬੋਰਡ ਤੋਂ ਮਾਨਤਾ ਪ੍ਰਾਪਤ, ਐਫੀਲੀਏਟਿਡ/ਐਸੋਸੀਏਟਿਡ ਹੋਵੇ ਦੇ ਨੌਵੀ ਤੋਂ ਬਾਰਵੀ ਜਮਾਤ ਵਿਚ ਪੜ੍ਹਦੇ ਵਿਦਿਆਰਥੀਆਂ (ਲੜਕਿਆਂ)ਤੋਂ ਸਪੋਰਟਸ ਫੰਡ ਹੇਠ ਲਿਖੇ ਅਨੁਸਾਰ ਇਕੱਤਰ ਕੀਤਾ ਜਾਏਗਾ :-

| ਲੜੀ ਨੰ: | ਜਮਾਤ | ਪਹਿਲਾਂ ਲਿਆ ਜਾਂਦਾ ਫੰਡ | ਹੁਣ ਲਿਆ ਜਾਣ ਵਾਲਾ ਫੰਡ |
|---|---|---|---|
| 1. | 9ਵੀਂ ਅਤੇ 10ਵੀ (ਲੜਕੇ) | 4/-ਰੁ: ਪ੍ਰਤੀ ਵਿਦਿਆਰਥੀ ਪ੍ਰਤੀ ਮਹੀਨਾ | 10/-ਰੁ: ਪ੍ਰਤੀ ਵਿਦਿਆਰਥੀ ਪ੍ਰਤੀ ਮਹੀਨਾ |
| 2. | 11ਵੀਂ ਅਤੇ 12ਵੀਂ(ਲੜਕੇ) | 5/-ਰੁ: ਪ੍ਰਤੀ ਵਿਦਿਆਰਥੀ ਪ੍ਰਤੀ ਮਹੀਨਾ | 12/-ਰੁ: ਪ੍ਰਤੀ ਵਿਦਿਆਰਥੀ ਪ੍ਰਤੀ ਮਹੀਨਾ |

ਨੋਟ: ਸਪੋਰਟਸ ਫੰਡ ਦੀਆਂ ਉਪਰੋਕਤ ਦਰਸਾਈਆਂ ਨਵੀਆਂ ਦਰਾਂ ਮਿਤੀ 01-04-2012 ਤੋਂ ਲਾਗੂ ਹੋਣਗੀਆਂ ।

ਜੇਕਰ ਕੋਈ ਸਕੂਲ ਸਪੋਰਟਸ ਫੰਡ ਦੇਣ ਤੋਂ ਇਨਕਾਰੀ ਹੋਵੇਗਾ ਤਾਂ ਪੰਜਾਬ ਰਾਜ ਸਕੂਲ ਖੇਡਾਂ ਵਿੱਚ ਉਸ ਸਕੂਲ ਦੇ ਵਿਦਿਆਰਥੀਆਂ ਦੇ ਭਾਗ ਲੈਣ ਤੇ ਰੋਕ ਲਗਾ ਦਿੱਤੀ ਜਾਵੇਗੀ ਅਤੇ ਅਜਿਹੇ ਸਕੂਲ ਦੀ ਮਾਨਤਾ ਰੱਦ ਕਰਨ ਸਬੰਧੀ ਕਾਰਵਾਈ ਕੀਤੀ ਜਾਵੇਗੀ।

**ਫੰਡਾਂ ਦੀ ਵੰਡ ਸਬੰਧੀ**

ਪੰਜਾਬ ਰਾਜ ਦੇ ਸਕੂਲਾਂ ਵਿਚੋਂ ਇਕੱਤਰ ਹੋਏ ਸਪੋਰਟਸ ਫੰਡ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ:-

(1) ਸਬੰਧਤ ਸਕੂਲ 20%
(2) ਜਿਲ੍ਹਾ ਸਿੱਖਿਆ ਅਫਸਰ(ਸੈ:ਸਿ) 25%
(3) ਹੈਡ ਕੁਆਟਰ
ਸਪੋਰਟਸ ਸਾਖਾ,ਦਫਤਰ ਡੀ.ਪੀ.ਆਈ(ਸੈ:ਸਿ)ਪੰਜਾਬ 55%

ਉਪਰੋਕਤ ਅਨੁਸਾਰ ਫੰਡ ਇਕੱਤਰ ਕਰਕੇ ਸਕੂਲ ਮੁੱਖੀ ਵਲੋਂ 20% ਆਪਣੇ ਪਾਸ ਰਖਕੇ 80% ਹਿੱਸਾ ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:) ਵਿਖੇ ਜਮ੍ਹਾਂ ਕਰਵਾਇਆ ਜਾਵੇਗਾ। ਜਿਲ੍ਹਾ ਸਿੱਖਿਆ ਅਫਸਰ ਜਿਲ੍ਹੇ ਦੇ ਸਾਰੇ ਸਕੂਲਾਂ ਤੋ ਇਕੱਤਰ ਹੋਏ ਫੰਡ ਵਿੱਚੋਂ ਉਪਰੋਕਤ ਅਨੁਸਾਰ ਕੁੱਲ ਫੰਡ ਦਾ 25% ਹਿੱਸਾ ਆਪਣੇ ਪਾਸ ਰੱਖਕੇ ਕੁਲ ਫੰਡ ਦਾ ਬਾਕੀ 55% ਹਿੱਸਾ ਸਟੇਟ ਹੈੱਡ ਕੁਆਟਰ ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:)ਦੀ ਸਪੋਰਟਸ ਸਾਖਾ ਪਾਸ ਬੈਂਕ ਡਰਾਫਟ ਸੀ.ਬੀ.ਐਸ. ਬਰਾਂਚ ਦਾ ਚੈਕ ਰਾਹੀਂ ਭੇਜਣਗੇ। ਇਹ ਫੰਡ ਕੇਵਲ ਖੇਡਾਂ ਲਈ ਹੀ ਖਰਚਿਆ ਜਾਏਗਾ । ਉਪਰੋਕਤ ਹਦਾਇਤਾਂ ਆਪਣੇ ਜਿਲੇ ਦੇ ਸਕੂਲ ਮੁੱਖੀਆਂ ਨੂੰ ਜਾਰੀ ਕਰਕੇ ਪਾਲਣਾ ਯਕੀਨੀ ਬਣਾਈ ਜਾਵੇ ।

14/08/10

ਡਿਪਟੀ ਡਾਇਰੈਕਟਰ(ਫਿ:ਐਜੂ:)
ਦ: ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:)ਪੰਜਾਬ

ਪਿੱਠ ਅੰਕਣ ਨੰ: ਉਕਤ
ਮਿਤੀ ਚੰਡੀਗੜ੍ਹ:

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ/ ਮਾਨਯੋਗ ਸਿੱਖਿਆ ਮੰਤਰੀ ਜੀ ।
2. ਨਿੱਜੀ ਸਕੱਤਰ/ ਮਾਨਯੋਗ ਸਕੱਤਰ ਸਕੂਲ ਸਿੱਖਿਆ ਜੀ।
4. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਜੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਪੱਤਰ ਨੂੰ ਐਸ.ਐਸ.ਏ. ਦੀ ਸਾਈਟ ਤੇ ਅਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।
4. ਰਾਜ ਦੇ ਸਮੂਹ ਸਹਾਇਕ ਸਿੱਖਿਆ ਅਫਸਰ(ਖੇਡਾਂ)/ਸ:ਜਿਲ੍ਹਾ ਸਿੱਖਿਆ ਅਫਸਰ।

ਡਿਪਟੀ ਡਾਇਰੈਕਟਰ(ਫਿ:ਐਜੂ:)
ਦ: ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:)ਪੰਜਾਬ